# Simla Chandigarh Diocese

Bishop's House, P.O. Box No: 709, Sector 19-A Chandigarh - 160 019, INDIA.

**† Ignatius L. Mascarenhas**
Bishop of Simla-Chandigarh

TEL: 0172-2775777, 2773777
FAX: 0172-2781630
EMAIL: bpignatius@gmail.com


ਸ਼ਿਮਲਾ ਚੰਡੀਗੜ੍ਹ ਧਰਮਪ੍ਰਾਂਤ ਦੇ ਸਾਰੇ ਪੂਰੋਹੀਤਾਂ, ਧਰਮ-ਭੈਣਾ ਅਤੇ ਵਿਸ਼ਵਾਸ ਸੰਗਤ ਨੂੰ, ਧਰਮ-ਪ੍ਰਾਂਤ ਦੇ ਬਿਸ਼ਪ ਜੀ ਵੱਲੋਂ, ਪਾਸਬਾਨੀ ਪੱਤਰ!

ਪ੍ਰਭੂ ਯਿਸੂ ਮਸੀਹ ਵਿੱਚ ਪਿਆਰੇ ਭੈਣੋ ਅਤੇ ਭਰਾਓ,

ਸਾਰਿਆਂ ਨੂੰ ਜੈ ਯਿਸੂ ਦੀ

ਅਸੀਂ ਸਾਰੇ ਇਸ ਗੱਲ ਤੋਂ ਜਾਣੂ ਹਾਂ, ਕਿ ਕੇਰਲ ਨੂੰ ਇੱਕ ਵਾਰ ਫਿਰ ਕੁਦਰਤੀ ਆਫ਼ਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਅਤੇ ਖਾਸ ਤੌਰ 'ਤੇ, ਮਨੰਤਵਾਡੀ ਅਤੇ ਕਾਲੀਕਟ ਧਰਮਪ੍ਰਾਂਤਾਂ ਦੇ ਵਾਇਨਾਡ ਜ਼ਿਲ੍ਹੇ ਵਿੱਚ, ਜਿੱਥੇ ਅੱਧੀ ਰਾਤ ਜਦੋਂ ਲੋਕ ਸੁੱਤੇ ਹੋਏ ਸਨ,ਅਚਾਨਕ ਬੱਦਲ ਫਟ ਗਿਆ । ਇਸ ਕੁਦਰਤੀ ਆਫ਼ਤ ਦੇ ਵਿੱਚ ਬਹੁਤ ਸਾਰੇ ਲੋਕ ਆਪਣੀ ਜਾਨ ਗੁਆ ਚੁੱਕੇ ਹਨ ਅਤੇ ਸੈਂਕੜੇ ਲੋਕ ਲਾਪਤਾ ਵੀ ਹਨ। ਸੁਰੱਖਿਆ ਮਹਕਮੇ ਦੇ ਲੋਕ ਮਲਬੇ ਨੂੰ ਸਾਫ਼ ਕਰਨ ਅਤੇ ਚਿੱਕੜ ਵਿਚ ਦਬੇ ਲੋਕਾਂ ਦੀ ਲਾਸ਼ਾਂ ਨੂੰ ਕੱਢਣ ਲਈ ਦਿਨ-ਰਾਤ ਕੰਮ ਕਰ ਰਹੇ ਹਨ।

ਇਸ ਦੇ ਨਾਲ ਹੀ, ਸਾਡੇ ਆਪਣੇ ਧਰਮਪ੍ਰਾਂਤ ਦੇ ਹਿਮਾਚਲ ਪ੍ਰਦੇਸ਼ ਵਿੱਚ, ਸ਼ਿਮਲਾ ਦੇ ਰਾਮਪੁਰ, ਕੁੱਲੂ ਦੇ ਨਿਰਮੰਡ, ਮੰਡੀ ਦੇ ਚੌਹਰ ਘਾਟੀ, ਰਾਮਪੁਰ ਦੇ ਝਕੜੀ ਇਲਾਕੇ ਦੇ ਨੇੜੇ ਸਮਜ ਖੁੱਡ, ਇਸ ਕੁਦਰਤੀ ਆਫ਼ਤ ਤੋਂ ਸਭ ਤੋਂ ਵੱਧ ਪ੍ਰਭਾਵਿਤ ਇਲਾਕੇ ਹਨ। ਇਸ ਦੇ ਕਾਰਨ ਬਹੁਤ ਸਾਰੇ ਲੋਕ ਪ੍ਰਭਾਵਿਤ ਹੋਏ ਹਨ ਅਤੇ ਪਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਹਨ। ਅਤੇ ਬਚਾਅ ਟੀਮ ਲੋਕਾਂ ਨੂੰ ਪਰਭਾਵਿਤ ਇਲਾਕਿਆਂ ਤੋਂ ਕੱਢਣ ਦਾ ਕੰਮ ਕਰ ਰਹੀ ਹੈ।

ਉੱਤਰਾਖੰਡ ਵਿੱਚ ਵੀ ਇਹੀ ਘਟਨਾ ਦੇ ਬਾਰੇ ਅਸੀਂ ਸੁਣ ਰਹੇ ਹਾਂ, ਖਾਸ ਤੌਰ 'ਤੇ ਕੇਦਾਰਨਾਥ ਯਾਤਰਾ ਦੇ ਰੂਟ ਵਿੱਚ ਸੈਂਕੜੇ ਸ਼ਰਧਾਲੂਆਂ ਦੇ ਨਾਲ, ਬਿਜਨੌਰ ਧਰਮਪ੍ਰਾਂਤ ਦੇ, ਜਖਨਿਆਲੀ, ਭਿੰਬਲੀ, ਰਾਮਬਾਡਾ, ਤਿਹਰੀ ਦੇ ਲਿਨਚੋਲੀ ਅਤੇ ਬਿਜਨੌਰ ਧਰਮਪ੍ਰਾਂਤ ਦੇ ਰੁਦਰਪ੍ਰਯਾਗ ਜ਼ਿਲ੍ਹੇ ਵਿੱਚ ਵੀ ਲੋਕ ਅਜਿਹੀ ਹੀ ਤਬਾਹੀ ਦਾ ਸਾਹਮਣਾ ਕਰ ਰਹੇ ਹਾਂ। ਬਹੁਤ ਸਾਰੇ ਲੋਕ ਆਪਣੀ ਜਾਨ ਗੁਆ ਚੁੱਕੇ ਹਨ ਅਤੇ ਬਹੁਤ ਸਾਰੇ ਲੋਕ ਹਾਲੇ ਤੱਕ ਲਾਪਤਾ ਵੀ ਹਨ। ਬਚਾਅ ਟੀਮਾਂ ਦਿਨ-ਰਾਤ ਕੰਮ ਕਰ ਰਹੀਆਂ ਹਨ।

ਇਹਨਾਂ ਸਾਰੀਆਂ ਇਲਾਕਿਆਂ ਵਿੱਚ, ਸਾਡੇ ਇਨਾਂ ਭੈਣਾਂ ਭਰਾਵਾਂ ਨੂੰ, ਸਾਡੀ ਆਰਥਿਕ ਅਤੇ ਅਧਿਆਤਮਿਕ ਸਹਾਇਤਾ ਦੀ ਲੋੜ ਹੈ। ਇਸ ਲਈ, ਮੈਂ ਹਰ ਇੱਕ ਪੈਰਿਸ਼, ਸੰਸਥਾਵਾਂ ਅਤੇ ਤੁਹਾਨੂੰ ਵਿਸ਼ਵਾਸ ਸੰਗਤ ਨੂੰ, ਬੇਨਤੀ ਕਰਦਾ ਹਾਂ ਕਿ, ਕੇਰਲ ਦੇ ਵਾਇਨਾਡ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਵਿੱਚ ਪ੍ਰਭਾਵਿਤ ਸਾਡੇ ਭੈਣ ਭਰਾਵਾਂ ਦੀ ਮਦਦ ਲਈ ਤੁਸੀਂ ਖੁੱਲ੍ਹੇ ਦਿਲ ਨਾਲ ਯੋਗਦਾਨ ਪਾਉ। ਸਾਡੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਇਸ ਕੁਦਰਤੀ ਆਫ਼ਤ ਤੋਂ ਪੀੜਤ ਅਤੇ ਪ੍ਰਭਾਵਿਤ ਲੋਕਾਂ ਲਈ, ਮੈਂ ਇੱਕ ਪ੍ਰਾਰਥਨਾ ਭੇਜ ਰਿਹਾ ਹਾਂ, ਜਿਸ ਦੇ ਰਾਹੀਂ ਅਸੀਂ ਉਹਨਾਂ ਦੇ ਲਈ ਪ੍ਰਾਰਥਨਾ ਕਰਾਂਗੇ।

ਸਮੇਂ ਸਿਰ ਸਾਡੀ ਮਦਦ ਅਤੇ ਸਹਾਇਤਾ, ਇਨਾਂ ਪ੍ਰਭਾਵਤ ਭੈਣ ਭਰਾਵਾਂ ਦੀਆਂ ਲੋੜਾਂ ਨੂੰ ਪੂਰਾ ਕਰ ਸਕਦੀ ਹੈ, ਅਤੇ ਇਹਨਾਂ ਦੇ ਦੁੱਖਾਂ ਨੂੰ ਘਟਾਉਣ ਵਿੱਚ ਮਦਦ ਕਰੇਗੀ। ਇਸ ਲਈ ਕੈਥੋਲਿਕ ਬਿਸ਼ਪ ਸਾਹਿਬਾਨਾਂ ਨੇ ਇਸ ਰਾਸ਼ਟਰੀ ਆਫ਼ਤ ਪ੍ਰਤੀ, ਏਕਤਾ ਅਤੇ ਯੋਗਦਾਨ ਲਈ ਅਪੀਲ ਕੀਤੀ ਹੈ।

ਮੈਂ ਸਾਰੇ ਪੁਰੋਹੀਤਾਂ, ਧਾਰਮਿਕ ਭੈਣ ਭਰਾਵਾਂ ਅਤੇ ਨੇਕ ਦਿਲ ਲੋਕਾਂ ਨੂੰ ਦਿਲੋਂ ਅਪੀਲ ਕਰਦਾ ਹਾਂ, ਕਿ ਤੁਸੀਂ ਇਸ ਲੋਕ ਭਲਾਈ ਕੰਮ ਦੇ ਲਈ, ਹਰ ਇੱਕ ਵਿਅਕਤੀ ਨੂੰ ਖੁੱਲ੍ਹੇ ਦਿਲ ਨਾਲ ਯੋਗਦਾਨ ਪਾਉਣ ਲਈ ਉਤਸ਼ਾਹਿਤ ਕਰੋ, ਜਿਸ ਦੇ ਰਾਹੀਂ ਅਸੀਂ ਆਪਣਾ ਸਹਿਯੋਗ ਅਤੇ ਸਾਥ ਪ੍ਰਗਟ ਕਰ ਸਕੀਏ।

ਧਰਮਪ੍ਰਾਂਤ ਅਤੇ ਸੰਸਥਾਵਾਂ ਤੋਂ ਇਸ ਨੇਕ ਕੰਮ ਲਈ ਜੁਟਾਏ ਗਏ ਦਾਨ ਨੂੰ ਸਬੰਧਤ ਲੋਕਾਂ ਨੂੰ ਭੇਜਿਆ ਜਾਵੇਗਾ। ਇਸ ਲਈ, 15 ਅਗਸਤ 2024 ਤੋਂ ਪਹਿਲਾਂ ਤੁਸੀਂ ਆਪਣੇ ਯੋਗਦਾਨਾਂ ਨੂੰ ਭੇਜਣ ਦੀ ਮੀਹਰਬਾਨੀ ਕਰੋ।

ਪ੍ਰਾਰਥਨਾ:

ਐ ਖੁਦਾ ਸਾਡੇ ਬਾਪ, ਤੂੰ ਹੀ ਸਾਡੀ ਸ਼ਰਨ ਅਤੇ ਰਹਿਣ ਦੀ ਪਵਿੱਤਰ ਥਾਂ ਹੈ।
ਤੂੰ ਹੀ ਸਾਡਾ ਰਚਨਹਾਰ ਅਤੇ ਸਾਡਾ ਰੱਖਿਅਕ ਹੈ।
ਜੋ ਲੋਕ ਤੂਫ਼ਾਨ ਅਤੇ ਹੜ੍ਹ ਦੁਆਰਾ ਤਬਾਹ ਹੋਏ ਹਨ,
ਉਹਨਾਂ ਨੂੰ ਅਸੀਂ, ਤੁਹਾਡੇ ਕਦੀ ਨਾ ਮੁੱਕਣ ਵਾਲੇ, ਰਹਿਮ ਦੇ ਹਵਾਲੇ ਕਰਦੇ ਹਾਂ।
ਐ ਦਿਆਲੂ ਪ੍ਰਭੂ, ਆਪਣੀ ਰਹਿਮਤ ਵਿੱਚ ਸਾਡੇ ਨਾਲ ਚੱਲ।
ਸਾਡੇ ਜੀਵਨ ਅਤੇ ਜਾਇਦਾਦ ਦੀ ਰੱਖਿਆ ਕਰੋ, ਅਤੇ ਦੁਖੀ ਇਲਾਕਿਆਂ ਨੂੰ ਦਿਲਾਸਾ ਦਿਓ।
ਟੁੱਟੇ ਦਿਲਾਂ ਦਾ ਸਹਾਰਾ ਬਣੋ ਅਤੇ ਆਪਣੀ ਅਟੁੱਟ ਹਿੰਮਤ ਨਾਲ ਉਨ੍ਹਾਂ ਨੂੰ ਮਜ਼ਬੂਤ ਕਰੋ।
ਉਹ ਆਪਣੀ ਮਦਦ ਤੁਹਾਡੇ ਵਿੱਚ ਪ੍ਰਾਪਤ ਕਰਨ।
ਅਸੀਂ ਇਹ ਪ੍ਰਾਰਥਨਾ ਕਰਦੇ ਹਾਂ, ਸਾਡੇ ਮੁਕਤੀਦਾਤਾ ਪ੍ਰਭੂ ਯਿਸੂ ਮਸੀਹ ਦੇ ਨਾਂ ਉੱਤੇ, ਆਮੀਨ।

Ignatius L. Mascarenhas
Bishop of Simla-Chandigarh